## ਅਡਵਾਂਸ ਕੇਅਰ ਪਲੈਨਿੰਗ ਕੀ ਹੈ?

ਭੱਵਿਖ ਵਿਚ ਜਦੋਂ ਤੁਸੀ ਆਪਣੇ-ਆਪ ਵਾਸਤੇ ਫੈਸਲਾ ਨਹੀਂ ਕਰ ਸਕੋਗੇ ਤਾਂ ਤੁਸੀ ਕਿਸ ਤਰ੍ਹਾਂ ਦੀ ਸੰਭਾਲ ਪਸੰਦ ਕਰੋਗੇ ਨੂੰ ਅਡਵਾਂਸ ਕੇਅਰ ਪਲੈਨਿੰਗ ਕਹਿੰਦੇ ਹਨ। ਇਸ ਵਿੱਚ ਤੁਸੀਂ ਕਿਸੇ ਹੋਰ ਨੂੰ ਇਹ ਅਧਿਕਾਰ ਵੀ ਦੇ ਸਕਦੇ ਹੋ ਜੋ ਕਿ ਉਹ ਇਹ ਤਸੱਲੀ ਕਰੇਗਾ ਕਿ ਤੁਹਾਡੀ ਸੰਭਾਲ ਤੁਹਾਡੀ ਇੱਛਾ ਅਨੁਸਾਰ ਹੀ ਹੋ ਰਹੀ ਹੈ। ਇਹ ਵਿਅਕਤੀ ਤੁਹਾਡਾ ਸਬਸਟੀਟਿਊਟ ਡਿਸੀਜ਼ਨ ਮੇਕਰ ਹੋਵੇਗਾ।

## ਅਡਵਾਂਸ ਕੇਅਰ ਪਲੈਨਿੰਗ ਦੇ ਫਾਇਦੇ ਕੀ ਹਨ ?

ਇਸ ਦੇ ਫਾਇਦਿਆਂ ਵਿਚ ਸ਼ਾਮਿਲ ਹਨ –
ਤੁਹਾਡੀ ਮਰਜ਼ੀ ਅਤੇ ਕਦਰਾਂ ਕੀਮਤਾਂ ਅਨੁਸਾਰ ਸੰਭਾਲ, ਉਸ ਸਮੇਂ ਵੀ ਤੁਹਾਡੀ ਪਸੰਦ ਦੀ ਸੰਭਾਲ ਜਦੋਂ ਤੁਸੀ ਆਪੇ ਫੈਸਲਾ ਕਰਨ ਦੇ ਯੋਗ ਨਹੀਂ ਹੋ, ਤੁਹਾਡਾ ਖਿਆਲ ਰੱਖਣ ਵਾਲਿਆਂ ਕੋਲ ਤੁਹਾਡੀ ਸੰਭਾਲ ਅਤੇ ਇਲਾਜ ਲਈ ਸਾਫ਼ ਹਦਾਇਤਾਂ, ਤੁਹਾਡੇ ਚਾਹੁਣ ਵਾਲਿਆਂ ਨੂੰ ਤੁਹਾਡਾ ਇਲਾਜ ਅਤੇ ਸੰਭਾਲ ਦਾ ਫੈਸਲਾ ਕਰਨ ਵਿਚ ਘੱਟ ਪ੍ਰੇਸ਼ਾਨੀ।
**ਅਡਵਾਂਸ ਕੇਅਰ ਪਲੈਨਿੰਗ ਕਰਨਾ ਤੁਹਾਡੀ ਆਪਣੀ ਮਰਜ਼ੀ ਹੈ। ਤੁਹਾਡੀ ਮਰਜ਼ੀ ਹੀ ਮਾਇਨੇ ਰੱਖਦੀ ਹੈ।**



**ਸੰਸਥਾ**

*a member of*

The Mississauga Halton Local

Health Integrated Network

ਇਸ ਦਸਤਾਵੇਜ ਵਿਚ ਸਟਾਫ, ਮਰੀਜ਼, ਰੈਜੀਡੈਂਟ ਅਤੇ ਸਬਸਟੀਟਿਊਟ ਡਿਸੀਜ਼ਨ ਮੇਕਰ ਲਈ ਅਡਵਾਂਸ ਕੇਅਰ ਪਲੈਨਿੰਗ ਲਈ ਹਦਾਇਤਾਂ ਮੌਜੂਦ ਹਨ। ਇਸ ਵਿਚ ਸਾਰੀਆਂ ਕਾਨੂੰਨੀ ਚੋਣਾਂ ਨਹੀਂ ਦਿੱਤੀਆਂ ਗਈਆਂ ਹਨ। ਇਹ ਕਨੂੰਨੀ ਸਲਾਹ ਨਹੀਂ ਹੈ। ਇਸ ਵਿਚ ਕਨੂੰਨੀ ਭਾਸ਼ਾ ਨੂੰ ਸੌਖੇ ਸਬਦਾਂ ਵਿਚ ਵਰਤਿਆ ਗਿਆ ਹੈ ਤਾਂ ਕਿ ਇਸ ਨੂੰ ਸਮਝਣਾ ਆਸਾਨ ਹੋ ਸਕੇ।

# ਅਡਵਾਂਸ ਕੇਅਰ ਪਲੈਨਿੰਗ

## ਤੁਹਾਡੇ ਭਵਿੱਖ ਵਿੱਚ ਸੰਭਾਲ ਦਾ ਪਲੈਨ ਬਣਾਉਨ ਲਈ ਇੱਕ ਗਾਈਡ



**Funded by the Mississauga Halton Local Health Integrated Network**

**adapted from the Central-West Local Health Integrated Network Initiative**

## ਕੀ ਅਡਵਾਂਸ ਕੇਅਰ ਪਲੈਨਿੰਗ ਨੂੰ ਲਿਖਣ ਦੀ ਜ਼ਰੂਰਤ ਹੈ ?

ਨਹੀਂ, ਇਸ ਨੂੰ ਲਿਖਣਾ ਜਰੂਰੀ ਨਹੀਂ ਹੈ । ਇਸ ਨੂੰ ਕਿਸੇ ਵੀ ਰੂਪ ਵਿਚ ਦੱਸਿਆ ਜਾ ਸਕਦਾ ਹੈ । ਜਿਵੇਂ ਕਿ ਜੁਬਾਨੀ, ਆਡੀਓ ਜਾਂ ਵਿਡੀਓ ਟੇਪ ਵਿਚ ਰਿਕਾਰਡ ਕਰਕੇ । ਆਪਣੇ ਪੂਰੇ ਹੋਸ ਵਿਚ ਕੀਤੇ ਫੈਸਲੇ ਨੂੰ ਹੀ ਕਨੂੰਨੀ ਮਾਨਤਾ ਪ੍ਰਾਪਤ ਹੋਏਗੀ ।

## ਕੀ ਹੈਲਥ ਕੇਅਰ ਪ੍ਰੋਫੈਸ਼ਨਲ ਅਤੇ ਤੁਹਾਡੇ ਲਈ ਫੈਸਲਾ ਕਰਨ ਵਾਲੇ ਵਿਅਕਤੀ ਤੁਹਾਡੇ ਕੀਤੇ ਫੈਸਲੇ ਨੂੰ ਮੰਨਣ ਲਈ ਮਜਬੂਰ ਹਨ ?

ਹਾਂ, ਜੇ ਤੁਸੀ ਆਪਣੇ ਵਾਸਤੇ ਫੈਸਲਾ ਕਰਨ ਦੇ ਕਾਬਿਲ ਨਹੀਂ ਹੋ ਤਾਂ ਹੈਲਥ ਕੇਅਰ ਪ੍ਰੋਫੈਸ਼ਨਲ ਅਤੇ ਤੁਹਾਡੇ ਲਈ ਫੈਸਲਾ ਕਰਨ ਵਾਲੇ ਵਿਅਕਤੀ ਨੂੰ ਤੁਹਾਡੇ ਕੀਤੇ ਫੈਸਲੇ ਨੂੰ ਮੰਨਣਾ ਜਰੂਰੀ ਹੈ ।

## ਕੀ ਐਡਵਾਂਸ ਕੇਅਰ ਪਲੈਨ ਵਿਚ ਤਬਦੀਲੀ ਹੋ ਸਕਦੀ ਹੈ ?

ਹਾਂ, ਜਦ ਤੱਕ ਤੁਸੀ ਆਪਣੇ ਵਾਸਤੇ ਫੈਸਲਾ ਕਰਨ ਦੇ ਕਾਬਿਲ ਹੋ ਤਾਂ ਤੁਸੀ ਆਪਣੇ ਪਲੈਨ ਵਿਚ ਤਬਦੀਲੀ ਕਰ ਸਕਦੇ ਹੋ । ਕਈ ਲੋਕਾਂ ਲਈ ਹਰ ਸਾਲ ਆਪਣੀ ਪਲੈਨ ਨੂੰ ਦੁਬਾਰਾ ਦੇਖਣਾ ਮੱਦਦਗਾਰ ਹੋ ਸਕਦਾ ਹੈ, ਖਾਸ ਕਰਕੇ ਪਰਿਵਾਰ ਵਿਚ ਕੋਈ ਵੱਡੀ ਤਬਦੀਲੀ ਆਉਣ ਤੇ ਜਿਵੇਂ ਕਿ ਕਿਸੇ ਪਿਆਰੇ ਦੀ ਮੌਤ ਕਰਕੇ, ਤਲਾਕ ਹੋਣ ਤੇ, ਕੋਈ ਖਤਰਨਾਕ ਬੀਮਾਰੀ ਹੋਣ ਤੇ, ਜਾਂ ਮੌਜੂਦਾ ਸੇਹਤ ਵਿਚ ਕੋਈ ਜ਼ਿਆਦਾ ਉਤਰਾ ਚੜ੍ਹਾ ਆਉਣ ਤੇ ।

## ਅਡਵਾਂਸ ਕੇਅਰ ਪਲੈਨ ਕਿਸ ਤਰ੍ਹਾਂ ਬਣਾਇਆ ਜਾ ਸਕਦਾ ਹੈ?

ਸਭ ਤੋਂ ਪਹਿਲਾਂ , ਆਪਣੀਆਂ ਭਾਵਨਾਵਾਂ ਅਤੇ ਮਰਜ਼ੀ ਨੂੰ ਮੱਦੇ ਨਜਰ ਰੱਖਦੇ ਹੋਏ ਆਪਣੀ ਸੇਹਤ ਸੰਬੰਧੀ ਫੈਸਲਾ ਕਰੋ । ਇਸ ਬਾਰੇ ਆਪਣੇ ਡਾਕਟਰ ਜਾਂ ਦੂਸਰੇ ਹੈਲਥ ਕੇਅਰ ਪ੍ਰੋਫੈਸ਼ਨਲ ਨਾਲ ਸਲਾਹ ਮਸ਼ਵਰਾ ਕਰ ਸਕਦੇ ਹੋ । ਆਪਣੇ ਧਾਰਮਿਕ ਲੀਡਰ ਜਾਂ ਵਕੀਲ ਨਾਲ ਗੱਲ ਕਰਨਾ ਵੀ ਮੱਦਦਗਾਰ ਹੋ ਸਕਦਾ ਹੈ ।

ਦੂਸਰਾ, ਇਸ ਬਾਰੇ ਉਨ੍ਹਾਂ ਲੋਕਾਂ ਨਾਲ ਸਲਾਹ ਕਰੋ ਜੋ ਤੁਹਾਡੇ ਲਈ ਫੈਸਲਾ ਲੈ ਸਕਣਗੇ । ਸੋਚ ਕੇ ਉਹ ਆਦਮੀ ਚੁਣੋ ਜੋ ਤੁਹਾਡੇ ਲਈ ਫੈਸਲਾ ਕਰੇਗਾ । ਤਸੱਲੀ ਕਰ ਲਵੋ ਕਿ ਜਿਸ ਆਦਮੀ ਨੂੰ ਤੁਸੀਂ ਆਪਣਾ ਫੈਸਲਾ ਕਰਨ ਲਈ ਚੁਣਿਆ ਹੈ, ਉਹ ਤੁਹਾਡੇ ਲਈ ਫੈਸਲਾ ਕਰਨ ਲਈ ਤਿਆਰ ਹੈ, ਜਦੋ ਤੁਸੀਂ ਇਸ ਕਾਬਿਲ ਨਹੀਂ ਹੋਵੋਗੇ ।

ਅੱਗੇ, ਤਸੱਲੀ ਨਾਲ ਤੁਸੀਂ ਆਪਣੀਆਂ ਸੰਭਾਲ ਸਬੰਧੀ ਇੱਛਾਵਾਂ ਅਤੇ ਪਲੈਨ ਬਾਰੇ ਸਭ ਕੁਝ ਗੱਲ ਬਾਤ ਰਾਹੀ, ਲਿਖਤੀ ਰੂਪ ਵਿਚ, ਆਡੀਓ ਜਾਂ ਵਿਡੀਓ ਟੇਪ ਰਾਹੀ ਇਸ ਆਦਮੀ ਨੂੰ ਦੱਸੋ ।

ਇਸ ਪਲੈਨ ਬਾਰੇ ਆਪਣੇ ਡਾਕਟਰ, ਦੂਸਰੇ ਹੈਲਥ ਕੇਅਰ ਪ੍ਰੋਫੈਸ਼ਨਲ ਜਾਂ ਕੋਈ ਵੀ ਹੋਰ ਜੋ ਤੁਹਾਨੂੰ ਮੱਦਦ ਕਰੇਗਾ, ਨੂੰ ਦੱਸਣਾ ਬਹੁਤ ਸਹਾਈ ਹੋ ਸਕਦਾ ਹੈ ।

## ਕੀ ਅਡਵਾਂਸ ਕੇਅਰ ਪਲੈਨ ਬਣਾਉਣਾ ਜਰੂਰੀ ਹੈ ?

ਨਹੀਂ, ਇਹ ਤੁਹਾਡੀ ਮਰਜੀ ਹੈ ਕਿ ਤੁਸੀ ਇਹ ਪਲੈਨ ਬਣਾਉਣਾ ਚਾਹੁੰਦੇ ਹੋ ਜਾਂ ਨਹੀਂ ।

## ਅਡਵਾਂਸ ਕੇਅਰ ਪਲੈਨ ਕਦੋ ਲਾਗੂ ਹੋਵੇਗਾ ?

ਜਦੋ ਤੁਸੀ ਆਪਣੇ ਵਾਸਤੇ ਫੈਸਲਾ ਕਰਨ ਦੇ ਕਾਬਿਲ ਨਹੀਂ ਰਵੋਗੇ ਤਾਂ ਇਹ ਪਲੈਨ ਲਾਗੂ ਹੋਵੇਗਾ ।

## ਹੋਰ ਜਾਣਕਾਰੀ

**A Guide to Advance Care Planning**
Government of Ontario

**Living Will**
U of T Joint Centre for Bioethics
www.utoronto.ca/jcb

**Let Me Decide**
D.W. Molloy, 2004

**Office of the Public Guardian and Trustee**
www.attorneygeneral.jus.gov.on.ca

**Advocacy Centre for the Elderly**
www.advocacycentreelderly.org

**Consent and Capacity Board**
www.ccboard.on.ca

**Health Care Consent Act of Ontario**
www.e-laws.gov.on.ca/html/statutes/english/elaws_statutes_96h02_e.htm